## ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ,
## ( ਐਮ.ਈ. 2 ਸ਼ਾਖਾ )
## ਐਸ.ਸੀ.ਓ. ਨੰ:87 ਸੈਕਟਰ 40-ਸੀ, ਚੰਡੀਗੜ੍ਹ।

## ਜਨਤਕ ਸੂਚਨਾ

ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਵਿੱਚ ( ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਸੰਸਥਾਂਵਾ ਵਿੱਚ ) ਹੇਠ ਲਿਖੀਆਂ ਆਸਾਮੀਆਂ ਉਹਨਾਂ ਦੇ ਸਾਹਮਣੇ ਦਿੱਤੀ ਨਿਰਧਾਰਤ ਤਨਖਾਹ ਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਠੇਕਾ ਆਧਾਰ ਤੇ ਭਰਨ ਲਈ ਯੋਗ ਉਮੀਦਵਾਰਾਂ (ਪੁਰਸ਼ / ਮਹਿਲਾ) ਕੋਲੋਂ ਨਿਰਧਾਰਤ ਪ੍ਰੋਫਾਰਮੇ ਤੇ ਬਿਨੈ-ਪੱਤਰ ਮੰਗੇ ਜਾਂਦੇ ਹਨ :

1.ਆਸਾਮੀ ਦਾ ਨਾਂ = **ਸਟਾਫ ਨਰਸ** ; ਵੇਤਨ (ਉੱਕਾ ਪੁੱਕਾ) = **7500 ਰੁਪਏ। ਆਸਾਮੀਆਂ ਦੀ ਗਿਣਤੀ = 219** ਆਸਾਮੀਆਂ ( 157 : ਰਾਜਿੰਦਰਾ ਹਸਪਤਾਲ, ਪਟਿਆਲਾ, 49 ਆਸਾਮੀਆਂ ਮੈਡੀਕਲ ਕਾਲਜ, ਪਟਿਆਲਾ ਅਤੇ 3 ਆਸਾਮੀਆਂ ਟੀ.ਬੀ. ਹਸਪਤਾਲ, ਪਟਿਆਲਾ ਵਿਖੇ ) ਜੋ ਹੇਠ ਲਿਖਿਆ ਕੈਟਾਗਿਰੀਆਂ ਲਈ ਰਾਖਵੀਂਆ ਹਨ:

(1) ਜਰਨਲ: 30, (2) ਅਨੁਸੂਚਿਤ ਜਾਤੀ (ਬਾਲਮਿਕੀ/ ਮਜ਼ਬੀ ਸਿੱਖ) : 31, (3) ਅਨੁਸੂਚਿਤ ਜਾਤੀ 1(ਰਾਮਦਾਸੀ) : 21, (4) ਪਛੜੀਆਂ ਸ਼੍ਰੇਣਿਆਂ : 16, (5) ਸਾਬਕਾ ਫੌਜੀ : 43, (6) ਅੰਗਹੀਣ : 19, (7)ਖਿਡਾਰੀ : 11, (8) ਅਨੁਸੂਚਿਤ ਜਾਤੀ (ਖਿਡਾਰੀ) ਬਾਲਮਿਕੀ/ ਮਜ਼ਬੀ ਸਿੱਖ : 4, (9) ਅਨੁਸੂਚਿਤ ਜਾਤੀ ( ਖਿਡਾਰੀ ) ਰਾਮਦਾਸੀ ਤੇ ਹੋਰ : 3, (10) ਅਨੁਸੂਚਿਤ ਜਾਤੀ ( ਸਾਬਕਾ ਫੌਜੀ ) ਬਾਲਮਿਕੀ/ ਮਜ਼ਬੀ ਸਿੱਖ : 13, (12) ਅਨੁਸੂਚਿਤ ਜਾਤੀ ( ਸਾਬਕਾ ਫੌਜੀ ) ਰਾਮਦਾਸੀ ਤੇ ਹੋਰ : 13 (13) ਸੁਤਰਤਾ ਸੰਗਰਾਮੀ/ ਆਜਾਦੀ ਘੁਲਾਟਿਏ : 1

**ਆਸਾਮੀ ਲਈ ਘੱਟੋ ਘੱਟ ਵਿਦਿਅਕ/ ਤਕਨੀਕੀ ਯੋਗਤਾ ।** (i) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾਨ ਤੋਂ ਸੀਨੀਅਰ ਸੈਕੰਡਰੀ ਪਾਰਟ 2 ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ।(ii) ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾਨ ਤੋਂ ਜਨਰਲ ਨਰਸਿੰਗ ਅਤੇ ਮਿਡਵਾਇਫਰੀ ਦਾ ਡਿਪਲੋਮਾ।(iii) ਪੰਜਾਬ ਨਰਸਿਜ ਰਜਿਸਟਰੇਸ਼ਨ ਐਕਟ 1932 ਅਧੀਨ ਪੰਜਾਬ ਨਰਸਿਜ ਰਜਿਸਟਰੇਸ਼ਨ ਕੌਂਸਲ ਕੋਲ ਰਜਿਸਟਰਡ। **(ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੀ ਨੋਟੀਫਿਕੇਸ਼ਨ ਨੰ: GSR 14/ Const./ Art.309/ 2007 ਮਿਤੀ** 11.06.2009 **ਅਨੁਸਾਰ)।**

2. ਆਸਾਮੀ ਦਾ ਨਾਂ = **ਲੇਡੀ ਹਾਉਸ ਕੀਪਰ; ਆਸਾਮੀਆਂ ਦੀ ਗਿਣਤੀ = ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ 3 ਆਸਾਮੀਆਂ ਅਤੇ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਵਿਖੇ 1)** ਵੇਤਨ (ਉੱਕਾ ਪੁੱਕਾ) = **3704** ਰੁਪਏ। ( **ਇਹ ਆਸਾਮੀਆਂ ਅਨੁਸੂਚਿਤ ਜਾਤੀ ਬਾਲਮਿਕੀ/ ਮਜ਼ਬੀ ਸਿੱਖ : 1 ਅਤੇ ਜਰਨਲ : 3 ਕੈਟਾਗਿਰੀਆਂ ਲਈ ਰਾਖਵੀਂਆ ਹਨ)**

**ਆਸਾਮੀ ਲਈ ਘੱਟੋ ਘੱਟ ਵਿਦਿਅਕ/ ਤਕਨੀਕੀ ਯੋਗਤਾ ।** (i) ਮਾਨਤਾ ਪ੍ਰਾਪਤ ਬੋਰਡ ਅਤੇ ਸੰਸਥਾਨ ਤੋਂ ਸੀਨੀਅਰ ਸੈਕੇਡੰਰੀ ਪਾਰਟ 2 ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ।(ii) ਮਾਨਤਾ ਪ੍ਰਾਪਤ ਬੋਰਡ/ ਯੂਨੀਵਰਸਿਟੀ ਜਾਂ ਸੰਸਥਾਨ ਤੋਂ ਹੋਮ ਸਾਇੰਸ ਜਾਂ ਹਾਉਸ ਹੋਲਡ ਅਕਾਂਉਟ ਦਾ ਡਿਪਲੋਮਾ। **(ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੀ ਨੋਟੀਫਿਕੇਸ਼ਨ ਨੰ: GSR 14/ Const./ Art.309/ 2007 ਮਿਤੀ** 11.06.2009 **ਅਨੁਸਾਰ )**

3. ਆਸਾਮੀ ਦਾ ਨਾਂ = **ਸਾਇਟੋ ਟੈਕਨੀਸੀਅਨ**; ਆਸਾਮੀਆਂ ਦੀ ਗਿਣਤੀ = 1 (ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ); ਵੇਤਨ (ਉੱਕਾ ਪੁੱਕਾ) = 4772 ਰੁਪਏ। ਆਸਾਮੀ ਲਈ ਘੱਟੋ ਘੱਟ ਵਿਦਿਅਕ/ ਤਕਨੀਕੀ ਯੋਗਤਾ । (i)ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾਂ ਜਾਂ ਬੋਰਡ ਫਿਜੀਕਸ ਅਤੇ ਕੈਮਿਸਟਰੀ ਵਿਸੇ ਨਾਲ ਮੈਟ੍ਰਿਕ।(ii)ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾਂ ਤੋ ਬੀ.ਐਸ.ਸੀ. ਮੈਡੀਕਲ ਲੈਬ ਟੈਕਨੋਲੋਜੀ।*(ਮੈਡੀਕਲ ਸਿਖਿਆ ਅਤੇ ਖੋਜ ਵਿਭਾਗ ਦੇ ਡਰਾਫਟ ਰੂਲਾਂ ਅਨੁਸਾਰ )*

4. ਆਸਾਮੀ ਦਾ ਨਾਂ = **ਆਪਰੇਸ਼ਨ ਥੀਏਟਰ ਸਹਾਇਕ**; ਆਸਾਮੀਆਂ ਦੀ ਗਿਣਤੀ = 3 ( ਰਾਜਿੰਦਰਾ ਹਸਪਤਾਲ,ਪਟਿਆਲਾ : 1, ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ :2 ); ਵੇਤਨ (ਉੱਕਾ ਪੁੱਕਾ) = 3700 ਰੁਪਏ। (ਇਹ ਆਸਾਮੀਆਂ ਅਨੁਸੂਚਿਤ ਜਾਤੀ ਬਾਲਮਿਕੀ/ ਮਜ਼ਬੀ ਸਿੱਖ : 1, ਸਾਬਕਾ ਫੌਜੀ : 1, ਅੰਗਹੀਣ : 1 ਲਈ ਰਾਖਵੀਂਆ ਹਨ: )

**(ਆਸਾਮੀ ਲਈ ਘੱਟੋ ਘੱਟ ਵਿਦਿਅਕ/ ਤਕਨੀਕੀ ਯੋਗਤਾ ।** (i)ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾਂ ਜਾਂ ਬੋਰਡ ਤੋਂ ਫਿਜੀਕਸ ਅਤੇ ਕੈਮਿਸਟਰੀ ਵਿਸੇ ਨਾਲ ਮੈਟ੍ਰਿਕ।(ii) ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾਂ ਜਾਂ ਬੋਰਡ ਤੋਂ ਆਪਰੇਸ਼ਨ ਥੀਏਟਰ ਸਹਾਇਕ ਦਾ ਡਿਪਲੋਮਾ।*(ਮੈਡੀਕਲ ਸਿਖਿਆ ਅਤੇ ਖੋਜ ਵਿਭਾਗ ਦੇ ਡਰਾਫਟ ਰੂਲਾਂ ਅਨੁਸਾਰ )*

5. ਆਸਾਮੀ ਦਾ ਨਾਂ = **ਰੇਡਿਉਗ੍ਰਾਫਰ;** ਆਸਾਮੀਆਂ ਦੀ ਗਿਣਤੀ = **2** ( ਰਾਜਿੰਦਰਾ ਹਸਪਤਾਲ,ਪਟਿਆਲਾ : 2); ਵੇਤਨ (ਉੱਕਾ ਪੁੱਕਾ) = **6800** ਰੁਪਏ। ਇਹ ਆਸਾਮੀਆਂ ਪਛੜੀਆਂ ਸ੍ਰੇਣਿਆਂ : 1 ਅਤੇ ਅੰਗਹੀਣ : 1 ਕੈਟਾਗਿਰੀਆਂ ਲਈ ਰਾਖਵੀਂਆ ਹਨ।

**(ਆਸਾਮੀ ਲਈ ਘੱਟੋ ਘੱਟ ਵਿਦਿਅਕ/ ਤਕਨੀਕੀ ਯੋਗਤਾ** । (i) ਮਾਨਤਾ ਪ੍ਰਾਪਤ ਯੁਨੀਵਰਸਿਟੀ ਜਾਂ ਸੰਸਥਾਨ ਤੋਂ ਸੀਨੀਅਰ ਸੈਕੰਡਰੀ ਪਾਰਟ 2 ਸਾਇੰਸ ਵਿਸੇ ਨਾਲ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ।(ii) ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾਂ ਤੋਂ ਰੇਡੀਓਗ੍ਰਫੀ ਦਾ ਡਿਪਲੋਮਾ।
**(ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੀ ਨੋਟੀਫਿਕੇਸਨ ਨੰ: GSR 14/ Const./ Art.309/ 2007** ਮਿਤੀ 11.06.2009 ਅਨੁਸਾਰ )।
6. ਆਸਾਮੀ ਦਾ ਨਾਂ = **ਰੇਡਿਉ ਡੈਂਟਿਸਟ;** ਆਸਾਮੀਆਂ ਦੀ ਗਿਣਤੀ = **1;** ਵੇਤਨ (ਉੱਕਾ ਪੁੱਕਾ) = **4772** ਰੁਪਏ। **ਆਸਾਮੀ ਲਈ ਘੱਟੋ ਘੱਟ ਵਿਦਿਅਕ/ ਤਕਨੀਕੀ ਯੋਗਤਾ** । (i)ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾਂ ਜਾਂ ਬੋਰਡ ਤੋਂ ਸਾਇੰਸ ਵਿਸੇ ਨਾਲ ਮੈਟ੍ਰਿਕ।
(ii)ਕਿਸੇ ਵੀ ਮਾਨਤਾ ਪ੍ਰਾਪਤ ਸੰਸਥਾਂ ਤੋ. ਦੋ ਸਾਲ ਦਾ ਰੇਡਿਉਲੋਜੀ ਦਾ ਡਿਪਲੋਮਾ(iii)ਕਿਸੇ ਵੀ ਡੈਂਟਲ ਕਾਲਜ ਦੇ ਡੈਂਟਲ ਰੇਡੀਓਲੋਜੀ ਵਿਭਾਗ ਵਿਚ 5 ਸਾਲ ਦਾ ਤਜਰਬਾ। ***(ਮੈਡੀਕਲ ਸਿਖਿਆ ਅਤੇ ਖੋਜ ਵਿਭਾਗ ਦੇ ਡਰਾਫਟ ਰੂਲਾਂ ਅਨੁਸਾਰ )***

ਇਹਨਾਂ ਆਸਾਮੀਆਂ ਲਈ ਵਿਦਿਅਕ ਯੋਗਤਾ, ਨਿਯਮ ਤੇ ਸਰਤਾਂ ਅਤੇ ਅਪਲਾਈ ਕਰਨ ਲਈ ਪ੍ਰੋਫਾਰਮਾ ਸੰਬਧੀ ਵੇਰਵੇ ਵਿਭਾਗ ਦੀ ਵੈਬਸਾਇਟ www.punjabmedicaleducation.org ਅਤੇ www.pnrc.in ਤੇ ਦਰਸਾਏ ਗਏ ਹਨ। ਇਹਨਾਂ ਆਸਾਮੀਆਂ ਲਈ ਬਿਨੈ ਪੱਤਰਾਂ ਦੇ ਨਾਲ ਜਨਰਲ ਕੈਟਾਗਿਰੀਆਂ ਦੇ ਉਮੀਦਵਾਰਾਂ ਵਲੋਂ 100/- ਰੁਪਏ ਦਾ ਪੋਸਟਲ ਆਰਡਰ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣਿਆਂ ਦੇ ਉਮੀਦਵਾਰਾਂ ਲਈ ਇਹ ਫੀਸ 25/- ਰੁਪਏ ਦਾ ਪੋਸਟਲ ਆਰਡਰ ਜੋ ਕਿ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ ਦੇ ਹਕ ਵਿਚ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ ਅਰਜੀ ਨਾਲ ਲਗਾਇਆ ਜਾਵੇ। ਬਿਨੈ ਪੱਤਰ ਕੇਵਲ ਵਿਭਾਗ ਦੁਆਰਾ ਮਿੱਥੇ ਗਏ ਫਾਰਮੇਟ ਤੇ ਹੀ ਦਿੱਤੇ ਜਾਣ ਅਤੇ ਬਿਨੈ ਪੱਤਰ ਭਰਕੇ ਟੈਸਟੀਮੋਨੀਅਲ ਦੀਆਂ ਤਸਦੀਕਸੁਦਾ ਨਕਲਾਂ ਸਹਿਤ ਦਸਤੀ/ ਡਾਕ ਦੁਆਰਾ ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ,ਪੰਜਾਬ,ਐਸ.ਸੀ.ਓ.ਨੰ.87 ਸੈਕਟਰ 40 ਸੀ,ਚੰਡੀਗੜ੍ਹ ਵਿਖੇ **ਮਿਤੀ** 03.12.2010 ਨੂੰ ਸ਼ਾਮ 5.00 ਵਜੇ ਤਕ ਪੇਸ ਕੀਤੇ ਜਾ ਸਕਦੇ ਹਨ। ਕਿਸੇ ਵੀ ਕਾਰਨ ਤੋਂ ਦੇਰੀ ਨਾਲ ਪ੍ਰਾਪਤ ਹੋਈ ਅਰਜੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਇਹਨਾਂ ਆਸਾਮੀਆਂ ਲਈ ਇੰਟਰਵਿਉ ਸਡਿਊਲ ਵਿਭਾਗ ਦੀ ਵੈਬ ਸਾਇਟ ਤੇ ਦਰਸਾਇਆ ਜਾਵੇਗਾ। ਇਹਨਾ ਆਸਾਮੀਆਂ ਲਈ ਬਿਨੈ ਪੱਤਰ ਵਿਭਾਗ ਦੀ ਉਕਤ ਵੈਬ ਸਾਇਟ ਤੋਂ download ਕੀਤੇ ਫਾਰਮ ਤੇ ਹੀ ਅਪਲਾਈ ਕਰਨਾ ਲਾਜਮੀ ਹੋਵੇਗਾ। ਬਿਨੈ ਪੱਤਰ ਨਾਲ ਨੱਥੀ ਕਰਨ ਵਾਲੇ ਦਸਤਾਵੇਜਾਂ ਦੀ ਪੇਜ ਮਾਰਕਿੰਗ ਕਰਕੇ ਕੁਲ ਗਿਣਤੀ ਬਿਨੈ ਪੱਤਰ ਵਿਚ ਜਰੂਰ ਭਰਿਆ ਜਾਵੇ।

ਨੋਟ : **ਆਸਾਮੀਆਂ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ।**

*ਸਹੀ/-*
**( ਡਾ. ਜੈ ਕਿਸ਼ਨ )**
**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ**

## ਬਿਨੈਪੱਤਰ ਲਈ ਫਾਰਮ
(ਬਿਨੈਕਾਰ ਵਲੋਂ ਆਪਣੇ ਹੱਥ ਨਾਲ ਭਰਿਆ ਜਾਵੇ )

ਬਿਨੈਕਾਰ ਦੀ ਰੰਗੀਨ ਤਸਦੀਕਸ਼ੁਦਾ ਫੋਟੋ

________________________ਆਸਾਮੀ ਲਈ ਬਿਨੈ ਪੱਤਰ ।

| ਕੈਟਾਗਿਰੀ ਦਾ ਨਾਂ ਅਤੇ ਕੈਟਾਗਿਰੀ ਕੋਡ (**ਕੋਡ ਨੰਬਰ ਜ਼ਰੂਰ ਭਰੋ ਜੀ) | ਪੋਸਟਲ ਆਰਡਰ ਨੰ: ਮਿਤੀ ਅਤੇ ਰਕਮ | | ਪੁਰਸ਼ / ਇਸਤਰੀ | 01.01.2010 ਨੂੰ ਉਮਰ |
|---|---|---|---|---|
| | | | | |

| ਜਿਸ ਸਟੇਸ਼ਨ ਲਈ ਅਪਲਾਈ ਕਰ ਰਹੇ ਹੋ ਉਸਦਾ ਨਾਂ, ਤਰਜੀਹ ਅਨੁਸਾਰ | | ***ਸਟੇਸ਼ਨ ਕੋਡ | |
|---|---|---|---|
| 1. | 2. | (1) | (2) |
| | | | |

1) ਬਿਨੈਕਾਰ ਦਾ ਨਾਂ * :________________________ ( ਪੰਜਾਬੀ ਵਿੱਚ )
ਅੰਗਰੇਜੀ ਵਿਚ ਵੱਡੇ ਅੱਖਰਾਂ ਵਿੱਚ :________________________ ( ਅੰਗ੍ਰੇਜੀ ਵਿੱਚ )

* ਜੋ ਦਸਵੀਂ ਦੇ ਸਰਟੀਫਿਕੇਟ ਵਿੱਚ ਹੈ ।

2) ਪਿਤਾ ਦਾ ਨਾਂ
3) ਮਾਤਾ ਦਾ ਨਾਂ
4) ਜਨਮ ਮਿਤੀ *
5) ਪੂਰਾ ਪਤਾ, ਪਿੰਨ ਕੋਡ, (ਵੱਡੇ ਅਖਰਾਂ ਵਿੱਚ):
   (ੳ) ਟੈਲੀਫੋਨ ਨੰਬਰ
   (ਅ ) ਈ.ਮੇਲ ( email )
   (ੲ) ਕੀ ਪੰਜਾਬ ਦਾ ਵਸਨੀਕ ਹੈ? (ਸਬੂਤ ਲਗਾਇਆ ਜਾਵੇ ਜੀ )
6) ਕੀ ਰਾਖਵੀਂ ਕੈਟਾਗਿਰੀ ਨਾਲ ਸੰਬਧ ਰੱਖਦਾ ਹੈ?
7) ਜੇਕਰ ਅਨੁਸੂਚਿਤ ਜਾਤੀ ਨਾਲ ਸੰਬਧ ਰਖਦੇ ਹੋ ਤਾਂ ਜਾਤੀ ਦਾਨਾਂ ......
8) ਕੀ ਦਸਵੀਂ ਪੱਧਰ ਤਕ ਪੰਜਾਬੀ ਪਾਸ ਕੀਤੀ ਹੈ?
9) ਕੀ ਬਿਨੈਕਾਰ ਨੂੰ ਪਹਿਲਾਂ ਕਦੇ ਕਿਸੇ ਸਰਕਾਰੀ ਨੌਕਰੀ ਤੋਂ ਕਢਿਆ ਤਾਂ ਨਹੀਂ ਗਿਆ ਹੈ?
10) ਕੀ ਬਿਨੈਕਾਰ ਵਿਰੁੱਧ ਕਿਸੇ ਅਦਾਲਤ ਵਿਚ ਮੁਕਦੱਮਾ ਤਾਂ ਨਹੀਂ ਚੱਲ ਰਿਹਾ ਹੈ?
11) ਪੀ.ਐਨ.ਆਰ.ਸੀ ਦਾ ਰਜਿਸਟਰੇਸ਼ਨ ਨੰਬਰ: 1)......................... 2) ..............................
12) **ਵਿਦਿਅਕ ਯੋਗਤਾ ਦਾ ਵੇਰਵਾ :**

| | ਪਾਸ ਕਰਨ ਦਾ ਸਾਲ | ਪ੍ਰਾਪਤ ਅੰਕ | ਕੁਲ ਅੰਕ | % age ਪ੍ਰਤੀਸ਼ਤ | ਦਰਜਾ | ਬੋਰਡ / ਯੂਨੀਵਰਸਿਟੀ ਦਾ ਨਾਂ | ਵਿਸ਼ੇ |
|---|---|---|---|---|---|---|---|
| 10 ਵੀਂ | | | | | | | |
| ਸੀਨੀਅਰ ਸੈਕੇਂਡਰੀ | | | | | | | |
| ਡਿਪਲੋਮਾ | | | | | | | |
| ਡਿਗਰੀ | | | | | | | |

ਸਾਰੇ ਦਸਤਾਵੇਜ ਗਜਟਿਡ ਅਧਿਕਾਰੀ ਤੋਂ ਤਸਦੀਕ ਕਰਵਾਕੇ ਲਗਾਉ ਜੀ। ਸਟਾਫ ਨਰਸ ਲਈ ਅਪਲਾਈ ਕਰਨ ਵਾਲੇ ਉਮੀਦੁਆਰਾਂ ਨੂੰ ਪੰਜਾਬ ਨਰਸਿਜ ਰਜਿਸਟਰੇਸ਼ਨ, ਚੰਡੀਗੜ੍ਹ ਨਾਲ ਰਜਿਸਟਰਡ ਸਰਟੀਫਿਕੇਟ ਵੀ ਨਾਲ ਲਗਾਈ ਜਾਵੇ।

13) **ਤਜਰਬਾ:**

| ਸੰਸਥਾਂ ਦਾ ਨਾਂ | ਸਾਲ | ਮਹੀਨੇ | ਤਨਖਾਹ | ਤਜਰਬੇ ਦੀ ਕਿਸਮ | | ਸਰਟੀਫਿਕੇਟ ਵੇਰਵਿਆਂ ਸਹਿਤ | ਸਿਵਲ ਸਰਜਨ ਜਾਂ ਕਿਰਤ ਵਿਭਾਗ ਵਲੋਂ ਤਸਦੀਕ ਹੈ ਜਾਂ ਨਹੀਂ |
|---|---|---|---|---|---|---|---|
| | | | | ਸਰਕਾਰੀ | ਗੈਰ ਸਰਕਾਰੀ | | |
| | | | | | | | |

| | | | | |
|---|---|---|---|---|
| | | | | |
| ਈਪੀ ਐਫ ਨੰ:<br>ਅਤੇ ਸਾਲ | | ਈ.ਐਸ.ਆਈ.<br>ਨੰਬਰ ਅਤੇ ਸਾਲ | | |

ਤਜਰਬਾ ਸਰਟੀਫਿਕੇਟ ਇਸਤਿਹਾਰ ਵਿਚ ਦਰਸਾਏ ਸਰਤਾਂ ਅਨੁਸਾਰ ਲਗਾਉ ਜੀ।

ਮੈਂ ਤਸਦੀਕ ਕਰਦਾ / ਕਰਦੀ ਹਾਂ ਕਿ :

(1) ਇਸ ਅਰਜੀ ਵਿਚ ਮੇਰੇ ਦੁਆਰਾ ਭਰੀ ਗਈ ਜਾਣਕਾਰੀ ਸੱਚ ਅਤੇ ਸਹੀ ਹੈ। ਜੇਕਰ ਕਿਸੇ ਸਟੇਜ ਤੇ (ਇੰਟਰਵਿਊ / ਨਿਯੁਕਤੀ/ ਚੋਣ ਤੋਂ ਪਹਿਲਾਂ ਜਾਂ ਬਾਅਦ ਵਿੱਚ ) ਇਹ ਸੂਚਨਾਂ ਗਲਤ ਜਾਂ ਝੂਠ ਪਾਈ ਜਾਂਦੀ ਹੈ ਤਾਂ ਮੇਰੀ ਅਰਜੀ / ਕਲੇਮ / ਨਿਯੁਕਤੀ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਕੀਤੀ ਜਾਂ ਸਕਦੀ ਹੈ ਅਤੇ ਮੇਰੀ ਖਿਲਾਫ ਕਾਰਵਾਈ ਕੀਤੀ ਜਾ ਸਕਦੀ ਹੈ।

(2) ਮੈਂ ਵਿਗਿਆਪਨ ਵਿਚ ਦਿਤੇ ਉਪਬੰਧਾਂ ਨੂੰ ਪੜ੍ਹ ਲਿਆ ਹੈ ਅਤੇ ਇਹਨਾਂ ਪ੍ਰਤੀ ਵਫਾਦਾਰ ਰਹਿਣ ਦਾ ਵਚਨ ਦਿੰਦਾ / ਦਿੰਦੀ ਹਾਂ। ਮੈਂ ਵਿਗਿਆਪਨ ਵਿਚ ਦਰਸਾਈਆਂ ਯੋਗਤਾ ਦੀਆਂ ਸਰਤਾਂ, (ਉਮਰ ਸੀਮਾ, ਵਿਦਿਅਕ ਯੋਗਤਾ ਅਤੇ ਦੂਜੇ ਰੂਲ ਅਤੇ ਰੈਗੂਲੇਸਨ ) ਪੂਰੀਆਂ ਕਰਦਾ / ਕਰਦੀ ਹਾਂ।

(3) ਮੈਂਨੂੰ ਕਦੇ ਵੀ ਕਿਸੇ ਅਦਾਲਤ ਵਲੋਂ ਦੋਸੀ ਨਹੀਂ ਠਹਿਰਾਇਆ ਗਿਆ ਹੈ।

(4) ਮੇਰਾ ਇਕ ਤੋਂ ਵੱਧ ਜਿੰਦਾ ਪਤੀ/ ਪਤਨੀ ਨਹੀਂ ਹੈ।

(5) ਨਾਲ ਨੱਥੀ ਦਸਤਾਵੇਜਾਂ ਦੀ ਕੁਲ ਗਿਣਤੀ ( ਪੇਜ ਮਾਰਕਿੰਗ ਕੀਤੀ ਜਾਵੇ ):

(6) ਚੈਕ ਲਿਸਟ ਜਰੂਰ ਨਾਲ ਲਗਾਈ ਜਾਵੇ।

ਮਿਤੀ :ਸਥਾਨ

:(ਬਿਨੈਕਾਰ ਦੇ ਹਸਤਾਖਰ )

| **ਕੈਟਾਗਿਰੀ ਲਈ ਕੋਡ ਭਰੋ ਜੀ | ਕੋਡ ਨੰਬਰ | ***ਸਟੇਸਨ ਕੋਡ | |
|---|---|---|---|
| 1) ਜਰਨਲ | 01 | ਅਮ੍ਰਿਤਸਰ | 015 |
| 2) ਅਨੁਸੂਚਿਤ ਜਾਤੀ ਬਾਲਮਿਕੀ/ ਮਜੱਬੀ ਸਿੱਖ : | 02 | ਪਟਿਆਲਾ | 016 |
| 3) ਅਨੁਸੂਚਿਤ ਜਾਤੀ ਰਾਮਦਾਸੀ ਤੇ ਹੋਰ: | 03 | | |
| 4) ਪਛੜੀਆਂ ਸ੍ਰੇਣਿਆਂ : | 04 | | |
| 5) ਸਾਬਕਾ ਫੌਜੀ : | 05 | | |
| 6) ਅੰਗਹੀਣ; | 06 | | |
| 7) ਖਿਡਾਰੀ : | 07 | | |
| 8) ਅਨੁਸੂਚਿਤ ਜਾਤੀ ( ਸਾਬਕਾ ਫੌਜੀ ) ਬਾਲਮਿਕੀ/ ਮਜੱਬੀ ਸਿੱਖ : | 08 | | |
| 9) ਅਨੁਸੂਚਿਤ ਜਾਤੀ ( ਸਾਬਕਾ ਫੌਜੀ ) ਰਾਮਦਾਸੀ ਤੇ ਹੋਰ : | 09 | | |
| 10) ਅਨੁਸੂਚਿਤ ਜਾਤੀ (ਖਿਡਾਰੀ), ਬਾਲਮਿਕੀ/ ਮਜੱਬੀ ਸਿੱਖ : | 10 | | |
| 11) ਅਨੁਸੂਚਿਤ ਜਾਤੀ (ਖਿਡਾਰੀ) ਰਾਮਦਾਸੀ ਤੇ ਹੋਰ : | 011 | | |
| 12) ਪਛੜੀਆਂ ਸ੍ਰੇਣਿਆਂ ( ਸਾਬਕਾ ਫੌਜੀ ) : | 012 | | |
| 13) ਸੁਤਰਤਾ ਸੰਗਰਾਮੀ/ ਆਜਾਦੀ ਘੁਲਾਟਿਏ | 013 | | |
| 14) ਅਨੁਸੂਚਿਤ ਜਾਤੀ ( ਵਿਮੁਕਤ ਜਾਤੀ ) : | 014 | | |

# ਚੈਕ ਲਿਸਟ ਇੰਟਰਵਿਉ ਲਈ .

| | | |
|---|---|---|
| 1। | ਨਾਂ ( ਪੰਜਾਬੀ ਅਤੇ ਅੰਗੇਜੀ ਵਿਚ ) | |
| 2। | ਪਿਤਾ ਦਾ ਨਾਂ | |
| 3। | ਕੀ ਡਿਪਲੋਮਾ/ ਡਿਗਰੀ ਮਾਨਤਾ ਪ੍ਰਾਪਤ ਹੈ ਅਤੇ ਨਾਲ ਨੱਥੀ ਹੈ ? | |
| 4। | ਪੀ.ਐਨ ਆਰ.ਸੀ. ਰਜਿਸਟਰੇਸਨ ਨੰ: | |
| 5। | ਕੀ ਬਿਨੈਕਾਰ ਪੰਜਾਬ ਦਾ ਵਸਨੀਕ ਹੈ | |
| 6। | ਕੀ ਬਿਨੈਕਾਰ ਰਾਖਵੀਂ ਕੈਟਾਗਿਰੀ ਨਾਲ ਸੰਬਧ ਰਖਦਾ ਹੈ। | |
| 7। | ਕੀ ਮੈਟ੍ਰਿਕ ਤਕ ਪੰਜਾਬੀ ਪਾਸ ਹੈ। | |
| 8। | ਡਿਗਰੀ/ ਡਿਪਲੋਮਾ ਵਿਚ ਪ੍ਰਾਪਤ ਕੀਤੇ ਨੰਬਰ ਅਤੇ ਪ੍ਰਤੀਸਤ | |
| 9। | ਕੀ ਡਿਗਰੀ ਕੀਤੀ ਹੈ। | |
| 10। | ਤਜਰਬਾ (;ਸਰਕਾਰੀ/ ਗੈਰ ਸਰਕਾਰੀ ) ਦੇ ਸਮਾਂ | |
| 11। | ਜੇਕਰ ਸਰਕਾਰੀ ਹੈ ਤਾਂ ਐਮ.ਐਸ./ ਸਿ.ਸ. ਤੋਂ ਤਸਦੀਕ ਹੈ । | |
| 12। | ਜੇਕਰ ਗੈਰ ਸਰਕਾਰੀ ਹੈ ਤਾਂ ਸਿ.ਸ. ਜਾਂ ਕਿਰਤ ਵਿਭਾਗ ਤੋਂ ਤਸਦੀਕ ਹੈ । | |
| 13। | ਵਿਸੇਸ ਕੱਥਣ | |
| 14। | ਕੀ ਬਿਨੈਕਾਰ ਯੋਗ ਹੈ ਜਾਂ ਨਹੀਂ | |
| 15। | ਜੇਕਰ ਬਿਨੈਕਾਰ ਰਾਖਵੀਂ ਜਾਤੀ ਨਾਲ ਸੰਬਧ ਰਖਦਾ ਹੈ ਤਾਂ ਸੰਬਧਤ ਵਿਭਾਗ ਦੇ ਨੁਮਾਇੰਦੇ ਦੀ ਟਿਪਣੀ | |
| 16। | ਚੈਕ ਕਰਤਾ | |
| 17। | ਰੀ ਚੈਕ ਕਰਤਾ | |
| 18। | | |

## ਨਿਯਮ ਅਤੇ ਸ਼ਰਤਾਂ :–

1. ਬਿਨੈਕਾਰ ਪੰਜਾਬ ਦਾ ਵਸਨੀਕ ਹੋਵੇ, ਬਿਨੈਕਾਰ ਨੂੰ ਆਪਣੀ ਪ੍ਰਤੀ ਬੇਨਤੀ ਦੇ ਨਾਲ ਆਪਣਾ ਰਿਹਾਇਸੀ ਸਰਟੀਫਿਕੇਟ ਦੀ ਨਕਲ ਲਗਾਉਣੀ ਲਾਜਮੀ ਹੋਵੇਗੀ, ਜੋ ਪੰਜਾਬ ਸਕਰਾਰ ਦੀ ਹਦਾਇਤਾਂ ਅਨੁਸਾਰ ਹੋਣਾ ਚਾਹੀਦਾ ਹੈ। ਇਹ ਰਿਹਾਇਸੀ ਸਰਟੀਫਿਕੇਟ ਤਿੰਨ ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ ਹੈ।
2. ਬਿਨੈਕਾਰ ਦੀ ਉਮਰ 18 ਤੋਂ 37 ਸਾਲ ਦਰਮਿਆਨ ਹੋਵੇ, ਐਸ.ਸੀ./ਐਸ.ਟੀ ਜਾਂ ਦੂਜੀ ਰਾਖਵੀਂਆਂ ਕੈਟਾਗਿਰੀਆਂ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਵਲੋਂ ਸਮੇਂ ਸਮੇਂ ਜਾਰੀ ਉਮਰ ਦੀ ਛੋਟ ਸੰਬਧੀ ਹਦਾਇਤਾਂ ਲਾਗੂ ਹੋਣਗੀਆਂ।
3. ਬਿਨੈਕਾਰ ਮੈਟ੍ਰਿਕ ਪੱਧਰ ਤੱਕ ਪੰਜਾਬੀ ਵਿਸਾ ਪਾਸ ਹੋਣਾ ਜਰੂਰੀ ਹੈ।
4. ਰਾਖਵੀਂ ਸ੍ਰੇਣੀ ਲਈ ਪ੍ਰਾਪਤ ਹੋਈ ਬਿਨੈ ਪਤਰਾਂ ਨਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਖਵੀਂ ਸ੍ਰੇਣੀ ਦਾ ਸਰਟੀਫਿਕੇਟ ਨਾਲ ਜਰੂਰ ਨੱਥੀ ਹੋਣਾ ਚਾਹੀਦਾ ਹੈ। ਇਹ ਸਰਟੀਫਿਕੇਟ ਨਾਲ ਨੱਥੀ ਨਾ ਹੋਣ ਦੀ ਸੂਰਤ ਵਿਚ ਬਿਨੈਕਾਰ ਦੀ ਅਰਜੀ ਨੂੰ ਜਰਨਲ ਵਿਚ ਵਿਚਾਰੀਆ ਜਾਵੇਗਾ ਅਤੇ ਬਿਨੈਕਾਰ ਨੂੰ ਫੀਸ ਜਰਨਲ ਉਮੀਦੁਆਰ ਦੇ ਬਰਾਬਰ ਦੇਣੀ ਹੋਵੇਗੀ। ਪਛੜੀਆਂ ਸ੍ਰੇਣਿਆਂ ਦਾ ਸਰਟੀਫਿਕੇਟ ਯੋਗ ਅਥਾਰਟੀ ਪਾਸੋ ਬਣਿਆ ਹੋਇਆ ਹੋਣਾ ਚਾਹੀਦਾ ਹੈ ਅਤੇ ਮਿਤੀ 1.12.2009 ਤੋਂ ਬਾਦ ਬਣਿਆ ਹੋਇਆ ਹੋਣਾ ਚਾਹੀਦਾ ਹੈ।
5. ਰਾਖਵਾਂਕਰਨ ਨੀਤੀ ਰਾਜ ਸਰਕਾਰ ਦੀ ਨੀਤੀ ਅਨੁਸਾਰ ਹੋਵੇਗੀ। ਅਤੇ ਰਾਖਵੀਂ ਜਾਤੀ ਦੇ ਉਮੀਦੁਆਰ ਨੂੰ ਬਿਨੈ ਪੱਤਰ ਵਿਚ ਕੋਡ ਰਾਖਵਾਂਕਰਨ ਸੰਬਧੀ ਕੋਡ ਭਰਨਾ ਲਾਜਮੀ ਹੋਵੇਗਾ।
6. ਜੇਕਰ ਕਿਸੇ ਬਿਨੈਕਾਰ ਦੀ ਯੋਗਤਾ ਜਿਸ ਆਸਾਮੀ ਵਿੱਚ ਉਸ ਨੇ ਅਪਲਾਈ ਕੀਤਾ ਹੈ ਪੂਰੀ ਨਾ ਪਾਈ ਗਈ ਤਾਂ ਉਸ ਦੀ ਅਰਜੀ ਬਿੰਨਾਂ ਕਿਸੇ ਨੋਟਿਸ ਦੇ ਰੱਦ ਕਰ ਦਿਤੀ ਜਾਵੇਗੀ।
7. ਅਧੂਰੀਆਂ ਅਰਜੀਆਂ, ਜਿਹਨਾਂ ਨਾਲ ਯੋਗਤਾ ਸੰਬਧੀ ਸਰਟੀਫੀਕੇਟ ਨਾਲ ਨੱਥੀ ਨਹੀਂ ਕੀਤੇ ਗਏ ਹਨ, ਜਾਂ ਮੁਕੱਮਲ ਸੂਚਨਾਂ ਨਾ ਭਰੀ ਗਈ ਹੋਵੇ ਤਾ ਉਹ ਅਰਜੀਆਂ ਨੂੰ ਵਿਚਾਰੀਆ ਨਹੀਂ ਜਾਵੇਗਾ ਅਤੇ ਬਿਨਾਂ ਕਿਸੇ ਸੂਚਨਾ/ ਨੋਟਿਸ ਤੋਂ ਰੱਦ ਕਰ ਦਿਤਾ ਜਾਵੇਗਾ।
8. ਜੇਕਰ ਕਿਸੇ ਬਿਨੈਕਾਰ ਵਲੋਂ ਯੋਗਤਾ ਸੰਬਧੀ ਦਿਤੇ ਗਏ ਸਰਟੀਫੀਕੇਟ ਮਾਨਤਾ ਪ੍ਰਾਪਤ ਸੰਸਥਾਂ ਤੋਂ ਨਾ ਹੋਣ ਜਾਂ ਉਹ ਮਿਥੀ ਗਈ ਯੋਗਤਾ/ ਤਜਰਬਾ ਪੂਰੀ ਨਾ ਕਰਦਾ ਹੋਵੇ ਤਾਂ ਉਸ ਦੀ ਅਰਜੀ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਦਿੱਤੀ ਜਾਵੇਗੀ।
9. ਇਹ ਨਿਯੁਕਤੀ 364 ਦਿਨਾਂ ਲਈ ਠੇਕੇ ਦੇ ਆਧਾਰ ਤੇ ਹੋਵੇਗੀ ਅਤੇ ਇਸ ਸਮੇਂ ਦੌਰਾਨ ਬਿਨੈਕਾਰ ਦਾ ਕੰਮ ਕਾਜ ਤਸੱਲੀ ਬਖਸ ਨਾਂ ਹੋਣ ਕਾਰਨ ਉਸ ਨੂੰ ਕਿਸੀ ਵੀ ਸਮੇ ਉਸ ਦੀਆਂ ਸੇਵਾਵਾਂ ਸਮਾਪਤ ਕੀਤੀਆਂ ਜਾ ਸਕਦੀਆਂ ਹਨ।
10. ਬਿਨੈਕਾਰ ਨੂੰ ਆਪਣੀ ਪ੍ਰਤੀ ਬੇਨਤੀ ਨਾਲ 2 ਰਜਿਸਟਰਡ ਪੱਤਰ ਸਮੇਤ ਇਕਨਾਲੇਜਮੈਂਟ ( 2 self addressed registered envelops with acknowledgement) ਲਿਫਾਫੇ ਲਗਾਣੇ ਹੋਣਗੇ ਜਿਸ ਉੱਤੇ ਬਿਨੈਕਾਰ ਵਲੋ ਆਪਣੇ ਹੱਥ ਨਾਲ ਆਪਣਾ ਪਤਾ ਲਿਖਿਆ ਹੋਵੇ। ਅਤੇ ਆਪਣੇ ਬਿਨੈਪੱਤਰ ਦੇ ਲਿਫਾਫੇ ਦੇ ਉਪਰ ਜਿਸ ਆਸਾਮੀ ਲਈ ਬਿਨੈ ਪੱਤਰ ਦਿਤਾ ਜਾ ਰਿਹਾ ਹੈ ਉਸ ਆਸਾਮੀ ਦਾ ਨਾਂ ਜਰੂਰ ਲਿਖਿਆ ਹੋਣਾ ਚਾਹੀਦਾ ਹੈ। ("__________ਆਸਾਮੀ ਲਈ ਪ੍ਰਤੀ ਬੇਨਤੀ" )
11. ਬਿਨੈਕਾਰ ਵਲੋ ਤਜਰਬਾ ਸਰਟੀਫਿਕੇਟ ਵਿਚ ਦਰਸਾਇਆ ਕੰਮ ਸਰਕਾਰੀ ਜਾਂ ਅੱਧ ਸਰਕਾਰੀ ਥਾਂਵਾ ਤੇ ਘਟੋ ਘੱਟ 6 ਮਹੀਨੇ ਲਗਾਤਾਰ ਕੀਤਾ ਹੋਇਆ ਹੋਣਾ ਚਾਹੀਦਾ ਹੈ ਅਤੇ ਸਰਕਾਰੀ ਸੰਸਥਾਵਾਂ ਤੇ ਕੰਮ ਕਰਨ ਦਾ ਤਜਰਬਾ ਮੈਡੀਕਲ ਸੁਪਰਡੰਟ ਜਾਂ ਸਿਵਲ ਸਰਜਨ ਤੋਂ ਪ੍ਰਤੀ ਹਸਤਾਖਰ ਕੀਤਾ ਹੋਇਆ ਹੋਣਾ ਚਾਹੀਦਾ ਹੈ।

11 (ੳ) ਜੇਕਰ ਇਹ ਤਜਰਬਾ ਗੈਰ ਸਰਕਾਰੀ ਥਾਵਾਂ ਤੇ ਕੰਮ ਕਰਨ ਦਾ ਹੈ ਤਾਂ ਘਟੋ ਘੱਟ 50 ਬਿਸਤਿਰਿਆਂ ਵਾਲੇ ਹਸਪਤਾਲ ਦਾ ਹੋਣਾ ਚਾਹੀਦਾ ਹੈ ਅਤੇ ਤਜਰਬਾ ਜਾਰੀ ਕਰਨ ਵਾਲੇ ਸੰਸਥਾਨ ਦੇ ਸੰਬਧਤ ਸਮੇਂ ਦੇ ਪੇਅ ਰੋਲਾਂ ਦੀ ਕਾਪੀ ਉਸ ਸੰਸਥਾ ਦੇ ਮੁੱਖੀ ਜਾਂ ਮੈਡੀਕਲ ਸੁਪਰਡੰਟ ਜਾਂ ਡਾਇਰੈਕਟਰ ਵੱਲੋਂ ਹਸਤਾਖਰ ਕਰਵਾਕੇ ਨਾਲ ਲਗਾਈ ਜਾਵੇ। ਤਜਰਬਾ ਸਰਟੀਫਿਕੇਟ ਵਿੱਚ ਕਰਮਚਾਰੀ ਦਾ ਉਕਤ ਸਮੇਂ ਦੇ ਕਾਰ ਵਿਹਾਰ ਦੀ ਰਿਪ੍ਰੋਟ ਵੀ ਕੀਤੀ ਜਾਣੀ ਚਾਹੀਦੀ ਹੈ। ਅਤੇ ਇਹ ਤਜਰਬਾ ਸਰਟੀਫਿਕੇਟ ਜਿਲੇ ਦੇ ਸਿਵਲ ਸਰਜਨ ਜਾਂ ਕਿਰਤ ਵਿਭਾਗ ਦੇ ਜਿਲਾ ਪੱਧਰ ਦੇ ਦਫਤਰ ਤੋ ਸਮਰਥ ਅਧਿਕਾਰੀ ਪਾਸੋਂ ਸਹੀ ਕੀਤਾ ਹੋਇਆ ਹੋਣਾ ਚਾਹੀਦਾ ਹੈ। ਅਤੇ ਆਪਣੀ ਈ.ਪੀ.ਐਫ. ਦੀ ਮੌਜੂਦਾ ਸਟੇਟਮੈਂਟ ਨਾਲ ਲਗਾਈ ਜਾਵੇ ਅਤੇ ਈ.ਐਸ.ਆਈ. ਦੇ ਕਾਰਡ ਦੀ ਫੋਟੋਕਾਪੀ ਨਾਲ ਲਗਾਈ ਜਾਵੇ।

12. ਬਿਨੈਕਾਰ ਨੂੰ ਇੰਨਟਰਵਿਉ ਲਈ ਹਾਜਰ ਹੋਣਾ ਪਵੇਗਾ। ਇੰਨਟਰਵਿਉ ਦੀ ਮਿਤੀਆਂ ਅਤੇ ਸਟੇਸਨ ਬਾਰੇ ਬਾਦ ਵਿਚ ਵਿਭਾਗ ਦੀ ਵੈਬ ਸਾਇਟ ਤੇ ਦਰਸਾਇਆ ਜਾਵੇਗਾ। ਕੇਵਲ ਯੋਗ ਪਾਏ ਗਏ ਉਮੀਦੁਆਰਾਂ ਨੂੰ ਹੀ ਇੰਨਟਰਵਿਉ ਲਈ ਬੁਲਾਇਆ ਜਾਵੇਗਾ।

13.ਬਿਨੈਪੱਤਰ ਦਾ ਨਮੂਨਾ ਉਪਰੋਕਤ ਦਰਸਾਏ ਅਨੁਸਾਰ ਹੈ। ਇਹਨਾ ਬਿਨੈ ਪੱਤਰਾਂ ਨਾਲ ਜਰਨਨ ਕੈਟਾਗਿਰੀਆਂ ਦੇ ਉਮੀਦੁਆਰ ਵਲੋਂ 100/- ਰੁਪਏ ਦਾ ਪੋਸਟਲ ਆਰਡਰ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣਿਆਂ ਦੇ ਉਮੀਦਵਾਰਾਂ ਲਈ 25/- ਰੁਪਏ ਦਾ ਪੋਸਟਲ ਆਰਡਰ ਜੋ ਕਿ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿਖਿਆ ਦੇ ਹਕ ਵਿਚ ਚੰਡੀਗੜ੍ਹ ਵਿਖੇ ਅਦਾਇਗੀਯੋਗ ਹੋਵੇ ਅਰਜੀ ਨਾਲ ਲਗਾਇਆ ਜਾਵੇ। ਬਿਨੈ ਪੱਤਰ ਭਰਕੇ ਟੈਸਟੀਮੋਨੀਅਲ ਦੀਆਂ ਤਸਦੀਕਸੁਦਾ ਨਕਲਾਂ ਸਹਿਤ ਦਸਤੀ/ ਡਾਕ ਦੁਆਰਾ **ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ,ਪੰਜਾਬ,ਐਸ.ਸੀ.ਓ.ਨੰ.87 ਸੈਕਟਰ 40 ਸੀ,ਚੰਡੀਗੜ੍ਹ ਵਿਖੇ ਮਿਤੀ _03.12.2010_ ਨੂੰ ਸ਼ਾਮ 5.00 ਵਜੇ ਤਕ ਪੇਸ ਕੀਤੇ ਜਾ ਸਕਦੇ ਹਨ।** ਕਿਸੇ ਵੀ ਕਾਰਨ ਤੋਂ ਦੇਰੀ ਨਾਲ ਪ੍ਰਾਪਤ ਹੋਈ ਅਰਜੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਅਰਜੀਆਂ ਰੋਜਾਨਾ ਕੰਮ ਵਾਲੇ ਦਿਨ 9.00 ਤੋਂ 5.00 ਵਜੇ ਤੱਕ ਦਸਤੀ ਵੀ ਜਮਾਂ ਕਰਾਈ ਜਾ ਸਕਦੀਆਂ ਹਨ।

ਨੋਟ : **ਆਸਾਮੀਆਂ ਦੀ ਗਿਣਤੀ ਵਧਾਈ ਘਟਾਈ ਜਾ ਸਕਦੀ ਹੈ।**

*ਸਹੀ/-*

**( ਡਾ. ਜੈ ਕਿਸ਼ਨ )**

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ**

